Punjabi

# ਮਰੀਜ਼ ਵਾਸਤੇ: ਸੇਟੂਕਸੀਮੈਬ ਇੰਜੈਕਸ਼ਨ

ਦੂਸਰੇ ਨਾਮ: ਐਰਬੀਟੱਕਸ®

# For the Patient: Cetuximab Injection

Other names: ERBITUX®

BC Cancer Agency
CARE + RESEARCH
An agency of the Provincial Health Services Authority

- **ਸੇਟੂਕਸੀਮੈਬ** (ਸਟ ਟੱਕਸ ` ਆਈ ਮੈਬ) ਇੱਕ ਦਵਾਈ ਹੈ ਜਿਸ ਨੂੰ ਕੁਝ ਕਿਸਮ ਦੇ ਕੈਂਸਰ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਕੈਂਸਰ ਦੇ ਸੈੱਲ ਦੇ ਵਾਧੇ ਨੂੰ ਨਿਸ਼ਾਨਾ ਬਣਾਉਣ ਅਤੇ ਰੁਕਾਵਟ ਪਾਉਣ ਲਈ ਇਹ ਇੱਕ ਕਿਸਮ ਦੀ ਮੋਨੋਕਲੋਨਲ ਐਂਟੀਬਾਡੀ ਪ੍ਰੋਟੀਨ ਹੁੰਦੀ ਹੈ। ਇਹ ਇੱਕ ਸਾਫ਼ ਤਰਲ ਹੁੰਦਾ ਹੈ ਜਿਸ ਨੂੰ ਇੱਕ ਨਾੜੀ ਵਿੱਚ ਟੀਕੇ ਨਾਲ਼ ਲਾਇਆ ਜਾਂਦਾ ਹੈ।

  **Cetuximab** (se tux' i mab) is a drug that is used to treat some types of cancer. It is a monoclonal antibody, a type of protein designed to target and interfere with the growth of cancer cells. It is a clear liquid that is injected into a vein.

- ਸੇਟੂਕਸੀਮੈਬ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸੋ ਜੇ ਸੇਟੂਕਸੀਮੈਬ ਜਾਂ ਦੂਸਰੇ ਐਂਟੀਬਾਡੀ ਇਲਾਜ ਲੈਣ ਨਾਲ ਤੁਹਾਨੂੰ ਕਦੀ ਅਸਧਾਰਣ ਜਾਂ **ਅਲਰਜਿਕ ਰੀਐਕਸ਼ਨ** ਹੋਇਆ ਹੈ।

  Tell your doctor if you have ever had an unusual or **allergic reaction** to cetuximab or other antibody treatment before receiving cetuximab.

- ਹਰ ਇੱਕ ਇਲਾਜ ਤੋਂ ਪਹਿਲਾਂ **ਬਲੱਡ ਟੈਸਟ** ਲਿਆ ਜਾ ਸਕਦਾ ਹੈ। ਟੈਸਟ ਨਤੀਜਿਆਂ ਅਤੇ/ਜਾਂ ਦੂਸਰੇ ਮਾੜੇ ਪ੍ਰਭਾਵਾਂ `ਤੇ ਅਧਾਰਤ ਤੁਹਾਡੀ ਕੈਮੋਥਰੈਪੀ ਦੀ ਦਵਾਈ ਦੀ ਖ਼ੁਰਾਕ ਅਤੇ ਵਕਤ ਨੂੰ ਬਦਲਿਆ ਜਾ ਸਕਦਾ ਹੈ।

  A **blood test** may be taken before each treatment. The dose and timing of your chemotherapy may be changed based on the test results and/or other side effects.

- **ਸ਼ਰਾਬ ਪੀਣੀ** (ਥੋੜ੍ਹੀ ਮਾਤਰਾ ਵਿੱਚ) ਸੇਟੂਕਸੀਮੈਬ ਦੀ ਸੁਰੱਖਿਆ ਜਾਂ ਫਾਇਦੇਮੰਦੀ `ਤੇ ਅਸਰ ਨਹੀਂ ਪਾਉਂਦੀ ਜਾਪਦੀ।

  The **drinking of alcohol** (in small amounts) does not appear to affect the safety or usefulness of cetuximab.

- ਜੇ ਉਮੀਦਵਾਰੀ ਦੌਰਾਨ ਵਰਤੀ ਜਾਂਦੀ ਹੈ ਤਾਂ ਸੇਟੂਕਸੀਮੈਬ ਸ਼ੁਕਰਾਣੂ ਦਾ ਨੁਕਸਾਨ ਕਰ ਸਕਦੀ ਹੈ ਅਤੇ ਬੱਚੇ ਨੂੰ ਹਾਨੀ ਪਹੁੰਚਾਅ ਸਕਦੀ ਹੈ। ਸੀਮੈਬ ਨਾਲ ਕੀਤੇ ਜਾ ਰਹੇ ਇਲਾਜ ਦੇ ਦੌਰਾਨ **ਬਰਥ ਕੰਟਰੋਲ** ਦੀ ਵਰਤੋਂ ਕਰਨਾ ਸਭ ਤੋਂ ਉੱਤਮ ਹੁੰਦਾ ਹੈ। ਆਪਣੇ ਡਾਕਟਰ ਨੂੰ ਤੁਰੰਤ ਦੱਸ ਦਿਉ ਜੇ ਤੁਸੀਂ ਜਾਂ ਤੁਹਾਡੀ ਸਾਥਣ ਗਰਭਵਤੀ ਹੋ ਜਾਂਦੀ ਹੈ। ਇਲਾਜ ਦੌਰਾਨ ਛਾਤੀ ਦਾ ਦੁੱਧ ਨਾ ਪਿਆਉ।

  Cetuximab may damage sperm and may harm the baby if used during pregnancy. It is best to use **birth control** while being treated with cetuximab. Tell your doctor right away if you or your partner becomes pregnant. Do not breast feed during treatment.

- ਆਪਣੇ ਡਾਕਟਰਾਂ, ਦੰਦਾਂ ਦੇ ਡਾਕਟਰਾਂ, ਅਤੇ ਦੂਸਰੇ ਸਿਹਤ ਪੇਸ਼ਾਵਰਾਂ ਤੋਂ ਕੋਈ ਇਲਾਜ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ **ਦੱਸੋ** ਕਿ ਤੁਹਾਡਾ ਸੇਟੂਕਸੀਮੈਬ ਨਾਲ ਇਲਾਜ ਕੀਤਾ ਜਾ ਰਿਹਾ ਹੈ।

  **Tell** doctors, dentists, and other health professionals that you are being treated with cetuximab before you receive any treatment from them.

ਹੇਠ ਦਰਜ ਸਾਰਨੀ ਵਿੱਚ ਗੌਣ ਪ੍ਰਭਾਵਾਂ ਨੂੰ ਉਸੇ ਤਰਤੀਬ ਵਿੱਚ ਸੂਚੀਬੱਧ ਕੀਤਾ ਜਾਂਦਾ ਹੈ ਜਿਸ ਵਿੱਚ ਉਹ ਵਾਪਰਦੇ ਹਨ। ਗੌਣ ਪ੍ਰਭਾਵਾਂ ਦਾ ਪ੍ਰਬੰਧ ਕਰਨ ਲਈ ਹਿਦਾਇਤਾਂ ਸ਼ਾਮਲ ਕੀਤੀਆਂ ਗਈਆਂ ਹਨ।

Side effects are listed in the following table in the order in which they may occur. Tips to help manage the side effects are included.

| ਗੌਣ ਪ੍ਰਭਾਵ<br>**SIDE EFFECTS** | ਪ੍ਰਬੰਧ<br>**MANAGEMENT** |
|---|---|
| ਪਹਿਲੇ ਸੇਟੁਕਸੀਮੈਬ ਸੰਚਾਰਨ ਦੌਰਾਨ **ਕਾਂਬੇ, ਬੁਖ਼ਾਰ, ਅਤੇ ਸੋਜ** ਆਮ ਤੌਰ ਤੇ ਉਤਪੰਨ ਹੁੰਦੇ ਹਨ। ਤੁਹਾਨੂੰ ਕੰਬਣੀ, ਸਾਹ ਲੈਣ ਵਿੱਚ ਮੁਸ਼ਕਲਾਂ, ਘੁਮੇਰ, ਸਿਰਦਰਦ, ਜਾਂ ਆਵਾਜ਼ ਦੇ ਭਾਰਾਪਣ ਦਾ ਅਨੁਭਵ ਵੀ ਹੋ ਸਕਦਾ ਹੈ। ਬਾਅਦ ਦੇ ਇਲਾਜਾਂ ਨਾਲ ਪ੍ਰਤੀਕਰਮ ਘੱਟ ਹੁੰਦੇ ਹਨ।<br>**Chills, fever, and swelling** commonly occur during the first cetuximab infusion. You may also experience shivering, problems breathing, dizziness, headache, or hoarseness. Reactions are less common with later treatments. | ਆਪਣੀ ਨਰਸ ਜਾਂ ਡਾਕਟਰ ਨੂੰ ***ਤੁਰੰਤ ਦੱਸੋ*** ਜੇ ਤੁਹਾਡੇ ਇਲਾਜ ਦੌਰਾਨ ਤੁਹਾਨੂੰ ਪ੍ਰਤੀਕਰਮ ਉਤਪੰਨ ਹੁੰਦਾ ਹੈ।<br>Tell your nurse or doctor ***immediately*** if you have a reaction during your treatment.<br>• ਤੁਹਾਡੀ ਸੇਟੁਕਸੀਮੈਬ ਨੂੰ ਅਸਥਾਈ ਤੌਰ ਤੇ ਰੋਕਿਆ ਜਾ ਸਕਦਾ ਹੈ ਅਤੇ ਫਿਰ ਹੌਲ਼ੀ ਹੌਲ਼ੀ ਦਿੱਤਾ ਜਾਂਦਾ ਹੈ।<br>Your cetuximab may be temporarily stopped and then given more slowly.<br>• ਪ੍ਰਤੀਕਰਮ ਦਾ ਇਲਾਜ ਕਰਨ ਵਾਸਤੇ ਤੁਹਾਨੂੰ ਹੋਰ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ।<br>You may be given other drugs to treat the reaction. |
| **ਦਰਦ ਜਾਂ ਸਪ੍ਰਸ਼ ਕਰਨ ਨਾਲ** ਦਰਦ ਉਤਪੰਨ ਹੋ ਸਕਦੀ ਹੈ ਜਿੱਥੇ ਸੂਈ ਲਾਈ ਗਈ ਸੀ।<br>**Pain** or **tenderness** may occur where the needle was placed. | ਦਿਨ ਵਿੱਚ ਕਈ ਵਾਰੀ 15-20 ਮਿੰਟਾਂ ਲਈ ਠੰਢੇ ਫਹੇ ਰੱਖੋ ਜਾਂ ਠੰਢੇ ਪਾਣੀ ਵਿੱਚ ਡੁਬਾਉ।<br>Apply cool compresses or soak in cool water for 15-20 minutes several times a day. |
| ਤੁਹਾਡੇ ਇਲਾਜ ਦੇ ਪਿੱਛੋਂ **ਜੀਅ ਕੱਚਾ ਹੋਣਾ** ਅਤੇ **ਉਲਟੀ ਆਉਣੀ** ਉਤਪੰਨ ਹੋ ਸਕਦੀ ਹੈ।<br>**Nausea** and **vomiting** may occur after your treatment. | ਤੁਹਾਡੀ ਕੈਮੋਥਰੈਪੀ ਇਲਾਜ ਤੋਂ ਪਹਿਲਾਂ ਅਤੇ/ਜਾਂ ਗ੍ਰਹਿ ਵਿਖੇ ਲੈਣ ਵਾਸਤੇ ਤੁਹਾਡੇ ਲਈ ਐਂਟੀਨੌਜ਼ੀਆ ਦਵਾਈ (ਦਵਾਈਆਂ) ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ। **ਜੀਅ ਕੱਚਾ ਹੋਣ ਦੇ ਇਲਾਜ ਨਾਲੋਂ ਇਸ ਨੂੰ ਰੋਕਣਾ ਆਸਾਨ ਹੁੰਦਾ ਹੈ** ਇਸ ਲਈ ਹਦਾਇਤਾਂ ਦੀ ਧਿਆਨਪੂਰਵਕ ਤੌਰ `ਤੇ ਪਾਲਣਾ ਕਰੋ।<br>You may be given a prescription for antinausea drug(s) to take before your chemotherapy treatment and/or at home. **It is easier to prevent nausea than treat it once it has occurred**, so follow directions closely.<br>• ਤਰਲਾਂ ਦੀ ਕਾਫੀ ਮਾਤਰਾ ਪੀਉ।<br>Drink plenty of fluids.<br>• ਥੋੜ੍ਹੀ ਮਾਤਰਾ ਵਿੱਚ ਕਈ ਵਾਰੀ ਖਾਉ ਅਤੇ ਪੀਉ।<br>Eat and drink often in small amounts.<br>• *ਫ਼ੂਡ ਚਾਇਸਜ਼ ਟੂ ਹੈਲਪ ਕੰਟਰੋਲ ਨੌਜ਼ੀਆ`* ਵਿੱਚ ਦਿੱਤੇ ਵਿਚਾਰਾਂ ਦੀ ਵਰਤੋਂ ਕਰੋ।*<br>Try the ideas in *Food Choices to Help Control Nausea.** |

| ਗੌਣ ਪ੍ਰਭਾਵ<br>**SIDE EFFECTS** | ਪ੍ਰਬੰਧ<br>**MANAGEMENT** |
|---|---|
| **ਚਮੜੀ ਪ੍ਰਤੀਕਰਮ** ਜਿਵੇਂ ਕਿ ਫਿਣਸੀਆਂ, ਧੱਫੜ, ਖੁਸ਼ਕੀ ਜਾਂ ਖਾਰਸ਼ ਆਮ ਤੌਰ ਤੇ ਉਤਪੰਨ ਹੋ ਜਾਂਦੀ ਹੈ।<br>**Skin reactions** such as acne, rash, dryness or itchiness commonly occur. | • ਇਲਾਜ ਦੌਰਾਨ ਅਤੇ ਇਲਾਜ ਪਿੱਛੋਂ 2 ਮਹੀਨਿਆਂ ਲਈ ਸਿੱਧੀ ਧੁੱਪ ਅਤੇ ਟੈਨਿੰਗ ਸੈਲੂਨਜ਼ ਤੋਂ ਪ੍ਰਹੇਜ਼ ਕਰੋ।<br>Avoid direct sunlight and tanning salons during treatment and for 2 months following treatment.<br>• ਧੁੱਪ ਵਾਲੇ ਦਿਨਾਂ ਵਿੱਚ ਬਾਹਰ ਟੋਪੀ, ਲੰਬੀਆਂ ਬਾਹਾਂ ਵਾਲੀ ਕਮੀਜ਼, ਅਤੇ ਲੰਬੀ ਪੈਂਟ ਪਹਿਨੋ।<br>Wear a hat, long sleeves, and long pants outside on sunny days.<br>• ਕੋਈ ਸਨਸਕਰੀਨ ਲਗਾਉ ਜਿਹੜੀ ਦੋਹਾਂ ਯੂ ਵੀ ਏ ਅਤੇ ਯੂ ਵੀ ਬੀ ਨੂੰ ਰੋਕਦੀ ਹੈ ਅਤੇ ਘੱਟੋ ਘੱਟ 30 ਦਾ ਸਨ ਪਰੋਟੈਕਸ਼ਨ ਫੈਕਟਰ (ਐੱਸ ਪੀ ਐੱਫ) ਰੱਖਦੀ ਹੋਵੇ। 30 ਮਿੰਟ ਧੁੱਪ `ਚ ਜਾਣ ਤੋਂ ਪਹਿਲਾਂ ਖੁੱਲ੍ਹੇ-ਹੱਥੀਂ ਲੇਪ ਕਰੋ। ਹਰ 2 ਘੰਟੇ ਅਤੇ ਤਰਨ ਤੋਂ ਪਿੱਛੋਂ ਮੁੜ ਲੇਪ ਕਰੋ।<br>Wear a sunscreen that blocks both UVA and UVB and has a sun protection factor (SPF) of at least 30. Apply liberally, 30 minutes before exposure. Reapply every 2 hours and after swimming.<br>• ਵਧੇਰੇ ਜਾਣਕਾਰੀ ਲਈ *ਯੁਅਰ ਮੈਡੀਕੇਸ਼ਨ `ਸਨ ਸੈਨਸਿਵਿਟੀ ਅਤੇ ਸਨਸਕਰੀਨਜ਼`** ਜਾਂ ਬੀ ਸੀ ਹੈਲਥ ਗਾਈਡ ਨੂੰ ਦੇਖੋ।<br>Refer to *Your Medication Sun Sensitivity and Sunscreens* or the BC Health Guide* for more information.<br>• ਜੇ ਚਮੜੀ ਦੇ ਪ੍ਰਤੀਕਰਮ ਸਥਿਰ ਰਹਿੰਦੇ ਹਨ ਜਾਂ ਜ਼ਿਆਦਾ ਭੈੜੇ ਹੋ ਜਾਂਦੇ ਹਨ, ਆਪਣੇ ਡਾਕਟਰ ਨੂੰ ਫੋਨ ਕਰੋ। ਨਹੀਂ ਤਾਂ, ਆਪਣੀ ਅਗਲੀ ਫੇਰੀ ਦੌਰਾਨ ਇਸ ਨੂੰ ਦੱਸਣਾ ਯਕੀਨੀ ਬਣਾਉ।<br>If skin reaction persists or get worse, call your doctor. Otherwise, be sure to mention it at your next visit. |

| ਗੌਣ ਪ੍ਰਭਾਵ<br>**SIDE EFFECTS** | ਪ੍ਰਬੰਧ<br>**MANAGEMENT** |
|---|---|
| ਕਈ ਵਾਰੀ **ਦਸਤ** ਵੀ ਲੱਗ ਸਕਦੇ ਹਨ।<br>**Diarrhea** may sometimes occur. | ਜੇ ਦਸਤ ਦੀ ਸਮੱਸਿਆ ਹੋਵੇ:<br>If diarrhea is a problem:<br>• ਤਰਲਾਂ ਦੀ ਕਾਫੀ ਮਾਤਰਾ ਪੀਉ।<br>Drink plenty of fluids.<br>• ਥੋੜ੍ਹੀ ਮਾਤਰਾ ਵਿੱਚ ਕਈ ਵਾਰੀ ਖਾਉ ਅਤੇ ਪੀਉ।<br>Eat and drink often in small amounts.<br>• ਵੱਧ ਰੇਸ਼ੇ ਵਾਲੇ ਖਾਣਿਆਂ ਤੋਂ ਪਰਹੇਜ਼ ਕਰੋ ਜਿਵੇਂ `*ਫ਼ੂਡ ਆਈਡੀਆਜ਼ ਟੂ ਹੈਲਪ ਵਿੱਦ ਡਾਇਰ੍ਹੀਆ ਡਿਊਰਿੰਗ ਕੈਮੋਥਰੇਪੀ* ਵਿੱਚ ਦੱਸਿਆ ਗਿਆ ਹੈ।*<br>Avoid high fibre foods as outlined in *Food Ideas to Help with Diarrhea During Chemotherapy*.* |
| ਕਈ ਵਾਰ **ਕਬਜ਼** ਵੀ ਹੋ ਸਕਦੀ ਹੈ।<br>**Constipation** may sometimes occur. | • ਕਸਰਤ ਕਰੋ ਜੇ ਕਰ ਸਕਦੇ ਹੋ।<br>Exercise if you can.<br>• ਤਰਲਾਂ ਦੀ ਕਾਫੀ ਮਾਤਰਾ ਪੀਉ।<br>Drink plenty of fluids.<br>• *ਸਜੈਸ਼ਨਜ਼ ਫਾਰ ਡੀਲਿੰਗ ਵਿੱਦ ਕਾਨਸਟੀਪੇਸ਼ਨ* ਵਿਚਲੇ ਵਿਚਾਰਾਂ ਦੀ ਵਰਤੋਂ ਕਰੋ।*<br>Try ideas in *Suggestions for Dealing with Constipation*.* |
| ਕਈ ਵਾਰ **ਵਧੀ ਹੋਈ ਹੱਡੀ ਦਾ ਦਰਦ** ਵੀ ਹੋ ਸਕਦਾ ਹੈ।<br>**Increased bone pain** may sometimes occur. | ਤੁਸੀਂ ਅਸੀਟਾਮਿਨੋਫੈਨ (ਮਿਸਾਲ ਵੱਜੋਂ, ਟਾਇਲਾਨੋਲ੍®) ਹਰ 4-6 ਘੰਟਿਆਂ ਤੋਂ ਲੈਕੇ ਵੱਧ ਤੋਂ ਵੱਧ 4 ਗ੍ਰਾਮ (4000 ਐੱਮ ਜੀ) ਪ੍ਰਤੀ ਦਿਨ ਜਾਂ ਐਬੂਪਰੋਫਿਨ (ਮਿਸਾਲ ਵੱਜੋਂ, ਐਡਵਿੱਲ੍) ਹਲਕੀ ਤੋਂ ਦਰਮਿਆਨੀ ਦਰਦ ਲਈ ਲੈ ਸਕਦੇ ਹੋ। ਆਪਣੇ ਡਾਕਟਰ ਨੂੰ ਦੱਸੋ ਜੇ ਦਰਦ ਤੁਹਾਡੀ ਕਿਰਿਆ ਵਿੱਚ ਦਖ਼ਲ ਦਿੰਦੀ ਹੈ।<br>You may take acetaminophen (e.g., TYLENOL®) every 4-6 hours to a maximum of 4 g (4000 mg) per day or ibuprofen (e.g., ADVIL®) for mild to moderate pain. Tell your doctor if the pain interferes with your activity. |
| ਕਈ ਵਾਰੀ **ਸਿਰਦਰਦ** ਵੀ ਹੋ ਸਕਦਾ ਹੈ।<br>**Headache** may sometimes occur. | ਜੇ ਜ਼ਰੂਰਤ ਹੋਵੇ ਅਸੀਟਾਮਿਨੋਫੈਨ (ਮਿਸਾਲ ਵੱਜੋਂ, ਟਾਇਲਨੋਲ੍®) ਹਰ 4-6 ਘੰਟਿਆਂ ਤੋਂ ਲੈਕੇ ਵੱਧ ਤੋਂ ਵੱਧ 4 ਗ੍ਰਾਮ (4000 ਐੱਮ ਜੀ) ਹਰ ਰੋਜ਼ ਲਓ।<br>Take acetaminophen (e.g., TYLENOL®) every 4-6 hours if needed, to a maximum of 4 g (4000 mg) per day. |

| ਗੌਣ ਪ੍ਰਭਾਵ<br>**SIDE EFFECTS** | ਪ੍ਰਬੰਧ<br>**MANAGEMENT** |
|---|---|
| **ਨਹੁੰ ਤਬਦੀਲੀਆਂ**, ਵਿਸ਼ੇਸ਼ ਤੌਰ ਤੇ ਵੱਡੀਆਂ ਪੈਰਾਂ ਦੀਆਂ ਉਂਗਲਾਂ ਅਤੇ ਅੰਗੂਠਿਆਂ`ਤੇ ਹੋ ਸਕਦੀਆਂ ਹਨ।<br>**Nail changes,** especially of the big toes and thumbs, may occur. | ਜੇ ਨਹੁੰ ਦੁਖਦੇ ਹਨ, ਤੁਸੀਂ ਅਸੀਟਾਮਿਨੋਫੈਨ (ਮਿਸਾਲ ਵੱਜੋਂ, ਟਾਇਲਨੋਲ੍® ਹਰ 4-6 ਘੰਟਿਆਂ ਤੋਂ ਲੈਕੇ ਵੱਧ ਤੋਂ ਵੱਧ 4 ਗ੍ਰਾਮ(4000 ਐੱਮ ਜੀ) ਪ੍ਰਤੀ ਦਿਨ ਲੈ ਸਕਦੇ ਹੋ ਜਾਂ ਹਲਕੀ ਤੋਂ ਦਰਮਿਆਨੀ ਦਰਦ ਵਾਸਤੇ ਆਇਬੋਪਰੋਫਿਨ (ਮਿਸਾਲ ਵੱਜੋਂ, ਐਡਵਿੱਲ੍®) ਲੈ ਸਕਦੇ ਹੋ। ਜੇ ਤੁਹਾਡੇ ਹਿੱਲਣ ਜੁੱਲਣ ਨਾਲ਼ ਦਰਦ ਹੁੰਦੀ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ। ਨਹੀਂ ਤਾਂ ਆਪਣੀ ਅਗਲੀ ਫੇਰੀ `ਤੇ ਇਸ ਬਾਰੇ ਦੱਸਣਾ ਯਕੀਨੀ ਬਣਾਉ।<br>If nails are painful, you may take acetaminophen (e.g., TYLENOL®) every 4-6 hours to a maximum of 4 g (4000 mg) per day or ibuprofen (e.g., ADVIL®) for mild to moderate pain. Tell your doctor if the pain interferes with your activity. Otherwise, be sure to mention it at your next visit. |
| ਜੇ ਤੁਹਾਡੇ ਸਰੀਰ `ਚ ਵਾਧੂ ਤਰਲ ਅਟਕਿਆ ਰਹਿੰਦਾ ਹੈ ਤਾਂ ਕਈ ਵਾਰ **ਹੱਥਾਂ**, ਪੈਰਾਂ, ਜਾਂ ਲੱਤਾਂ ਦੇ ਹੇਠਲੇ ਹਿੱਸੇ `ਚ ਸੋਜ ਪੈ ਸਕਦੀ ਹੈ।<br>**Swelling** of hands, feet, or lower legs may sometimes occur if your body retains extra fluid. | ਜੇ ਸੋਜ ਇੱਕ ਸਮੱਸਿਆ ਹੈ:<br>If swelling is a problem:<br>• ਆਪਣੇ ਪੈਰਾਂ ਨੂੰ ਉੱਚੇ ਚੁੱਕੀ ਰੱਖੋ ਜਦੋਂ ਬੈਠੇ ਹੁੰਦੇ ਹੋ।<br>Elevate your feet when sitting.<br>• ਤੰਗ ਪਹਿਰਾਵੇ ਤੋਂ ਪਰਹੇਜ਼ ਕਰੋ।<br>Avoid tight clothing. |
| ਤੁਹਾਨੂੰ **ਸੌਣ ਦੀ ਸਮੱਸਿਆ** ਹੋ ਸਕਦੀ ਹੈ।<br>You may have **trouble sleeping**. | • ਆਪਣੇ ਡਾਕਟਰ ਨਾਲ ਗੱਲ ਕਰੋ ਜੇ ਤੁਹਾਨੂੰ ਸੌਣ ਦੀ ਸਮੱਸਿਆ ਜਾਰੀ ਰਹਿੰਦੀ ਹੈ।<br>Talk to your doctor if you continue to have trouble sleeping.<br>• ਇਹ ਸਧਾਰਣ `ਤੇ ਪਰਤ ਆਵੇਗੀ ਜਦੋਂ ਤੁਸੀਂ ਸੇਟੂਕਸੀਮੈਬ ਲੈਣੀ ਬੰਦ ਕਰ ਦਿੰਦੇ ਹੋ।<br>This will return to normal when you stop taking cetuximab. |
| **ਭੁੱਖ ਨਾ ਲੱਗਣੀ** ਅਤੇ **ਭਾਰ ਦਾ ਘਟਣਾ** ਸਧਾਰਣ ਗੱਲਾਂ ਹੁੰਦੀਆਂ ਹਨ।<br>**Loss of appetite** and **weight loss** are common. | *ਫੂਡ ਆਈਡੀਆਜ਼ ਟੂ ਹੈਲਪ ਵਿੱਦ ਡੀਕਰੀਜ਼ਡ ਐਪੀਟਾਈਟ* ਵਿਚਲੇ ਵਿਚਾਰਾਂ ਦੀ ਵਰਤੋਂ ਕਰੋ।*<br>*ਫੂਡ ਆਈਡੀਆਜ਼ ਟੂ ਹੈਲਪ ਵਿੱਦ ਡੀਕਰੀਜ਼ਡ ਐਪੀਟਾਈਟ* ਵਿਚਲੇ ਵਿਚਾਰਾਂ ਦੀ ਵਰਤੋਂ ਕਰੋ।*<br>Try the ideas in *Food Ideas to Help with Decreased Appetite.** |

| ਗੌਣ ਪ੍ਰਭਾਵ<br>SIDE EFFECTS | ਪ੍ਰਬੰਧ<br>MANAGEMENT |
|---|---|
| **ਥਕਾਵਟ** ਅਤੇ ਸ਼ਕਤੀ ਦੀ ਘਾਟ ਉਤਪੰਨ ਹੋ ਸਕਦੀ ਹੈ।<br>**Tiredness** and lack of energy may occur. | • ਕਾਰ ਨਾ ਚਲਾਉ ਜਾਂ ਮਸ਼ੀਨਰੀ ਦਾ ਸੰਚਾਲਣ ਨਾ ਕਰੋ ਜੇ ਤੁਸੀਂ ਥਕਾਵਟ ਮਹਿਸੂਸ ਕਰ ਰਹੇ ਹੋ।<br>Do not drive a car or operate machinery if you are feeling tired.<br>• *ਯੂਅਰ ਬੈਂਕ ਟੂ ਅਨਰਜੀ ਸੇਵਿੰਗਜ਼: ਹੌਓ ਪੀਪਲ ਵਿੱਦ ਕੈਂਸਰ ਕੈਨ ਹੈਂਡਲ ਫਟੀਗ* ਵਿਚਲੇ ਵਿਚਾਰਾਂ ਦੀ ਵਰਤੋਂ ਕਰੋ।*<br>Try the ideas in *Your Bank to Energy Savings: How People with Cancer Can Handle Fatigue*.* |
| ਸੇਟੂਕਸੀਮੈਬ ਨਾਲ **ਵਾਲਾਂ ਦਾ ਝੜਨਾ** ਬਹੁਤ ਹੀ ਘੱਟ ਹੁੰਦਾ ਹੈ। ਜੇ ਤੁਹਾਡੇ ਵਾਲ ਝੜ ਜਾਂਦੇ ਹਨ, ਇਹ ਮੁੜ ਉੱਗ ਆਉਣਗੇ ਜਿਉਂ ਹੀ ਤੁਸੀਂ ਸੇਟੂਕਸੀਮੈਬ ਦਾ ਇਲਾਜ ਬੰਦ ਕਰ ਦਿੰਦੇ ਹੋ। ਰੰਗ ਅਤੇ ਬਣਤਰ ਬਦਲ ਸਕਦੀ ਹੈ।<br>**Hair loss** is rare with cetuximab. If you lose hair, it will grow back once you stop treatment with cetuximab. Colour and texture may change. | ਜੇ ਵਾਲਾਂ ਦਾ ਝੜਨਾ ਇੱਕ ਸਮੱਸਿਆ ਹੈ, *ਫਾਰ ਦੀ ਪੇਸ਼ੰਟ: ਹੇਅਰ ਲਾਸ ਡਿਊ ਟੂ* ਕੈਮੋਥਰੈਪੀ ਵੇਖੋ।*<br>If hair loss is a problem, refer to *For the Patient: Hair Loss Due to Chemotherapy*.* |

* ਕਿਰਪਾ ਕਰਕੇ ਕਾਪੀ ਵਾਸਤੇ ਆਪਣੀ ਕੈਮੋਥਰੈਪੀ ਨਰਸ ਜਾਂ ਫਾਰਮਿਸਿਸਟ ਨੂੰ ਪੁੱਛੋ.

***Please ask your chemotherapy nurse or pharmacist for a copy.**

## ਆਪਣੇ ਡਾਕਟਰ ਨੂੰ ਮਿਲੋ ਜਾਂ ਤੁਰੰਤ ਐਮਰਜੈਂਸੀ ਮਦਦ ਲਵੋ ਜੇ ਤੁਹਾਡੀਆਂ ਹੇਠ ਲਿਖੀਆਂ ਹਾਲਤਾਂ ਹਨ:

**SEE YOUR DOCTOR OR GET EMERGENCY HELP IMMEDIATELY IF YOU HAVE:**

- ਇਲਾਜ ਦੇ ਛੇਤੀ ਪਿੱਛੋਂ **ਅਲਰਜਿਕ ਪ੍ਰਤੀਕਰਮ** ਦੀਆਂ ਨਿਸ਼ਾਨੀਆਂ ਵਿੱਚ ਸ਼ਾਮਲ ਹਨ, ਬੁਖਾਰ, ਚੱਕਰ ਆਉਣੇ, ਤੇਜ਼ ਦਿਲ ਦੀ ਧੜਕਣ, ਚਿਹਰ ਦੀ ਸੋਜ, ਕੰਬਣੀਆਂ ਜਾਂ ਸਾਹ ਲੈਣ ਵਿੱਚ ਸਮੱਸਿਆਵਾਂ.

  Signs of an **allergic reaction** soon after a treatment including fever, dizziness, fast heart beat, face swelling, chills or breathing problems.

- ਦਿਲ ਜਾਂ **ਫੇਫੜੇ ਦੀਆਂ ਸਮੱਸਿਆਵਾਂ ਦੀਆਂ** ਨਿਸ਼ਾਨੀਆਂ ਹਨ ਜਿਵੇਂ ਕਿ ਤੇਜ਼ ਜਾਂ ਬੇਤਰਤੀਬ ਦਿਲ ਦੀ ਧੜਕਣ, ਛਾਤੀ ਦਾ ਦਰਦ, ਛਾਤੀ `ਤੇ ਦਬਾਅ, **ਸਾਹ ਲੈਣ ਵਿੱਚ ਔਖਿਆਈ** ਜਾਂ **ਸਾਹ ਲੈਣ ਵਿੱਚ ਮੁਸ਼ਕਲ**, **ਪੈਰਾਂ ਜਾਂ ਲੱਤਾਂ ਦੇ ਹੇਠਲੇ ਹਿੱਸੇ ਦੀ ਸੋਜ**, ਜਾਂ **ਬੇਸੁਰਤ ਹੋ ਜਾਣਾ।**

  Signs of **heart or lung problems** such as fast or uneven heartbeat, chest pain, chest pressure, **shortness of breath** or difficulty in breathing, swelling of feet or lower legs, or fainting.

- **ਦੌਰੇ** ਜਾਂ **ਸੁਰਤ ਦਾ ਖੁੱਸ ਜਾਣਾ**

  **Seizures** or **loss of consciousness**.

- ਕਿਸੇ **ਇਨਫੈਕਸ਼ਨ** ਦੀਆਂ ਨਿਸ਼ਾਨੀਆਂ ਜਿਵੇਂ ਕਿ ਬੁਖਾਰ (100°f 38°c ਕਿਸੇ ਮੌਖਿਕ ਥਰਮਾਮੀਟਰ ਨਾਲ), ਝਟਕੇ ਨਾਲ ਕੰਬਣੀਆਂ; ਸਖ਼ਤ ਦੁਖਦਾ ਗਲ਼ਾ, ਉਤਪਾਦਕ ਖੰਘ (ਖਾਂਸੀ ਨਾਲ ਗਾੜ੍ਹੇ ਜਾਂ ਹਰੇ ਖੰਘਾਰ ਦਾ ਆਉਣਾ); ਧੁੰਦਲਾ ਜਾਂ ਗੰਦੀ ਮੁਸ਼ਕ ਵਾਲਾ ਪਿਸ਼ਾਬ, ਦੁਖਦਾਈ, ਦੁਖਦਾ, ਜਾਂ ਸੁੱਜੀ ਹੋਈ ਲਾਲ ਚਮੜੀ ਦੇ ਜ਼ਖ਼ਮ ਜਾਂ ਫੋੜੇ.

  Signs of an **infection** such as fever (over 100°F or 38°C by an oral thermometer), shaking chills; severe sore throat, productive cough (coughing up thick or green sputum); cloudy or foul smelling urine; painful, tender, or swollen red skin wounds or sores.

## ਜਿੰਨਾ ਵੀ ਛੇਤੀ ਤੋਂ ਛੇਤੀ ਸੰਭਵ ਹੋਵੇ ਆਪਣੇ ਡਾਕਟਰ ਨੂੰ ਮਿਲੋ (ਆਫਿਸ ਦੇ ਘੰਟਿਆਂ ਦੌਰਾਨ) ਜੇ ਤੁਹਾਨੂੰ ਹੇਠ ਦਰਜ ਨਿਸ਼ਾਨੀਆਂ ਹਨ:

**SEE YOUR DOCTOR AS SOON AS POSSIBLE (DURING OFFICE HOURS) IF YOU HAVE:**

- ਤੀਬਰ **ਚਮੜੀ ਪ੍ਰਤੀਕਰਮ**, ਨਹੁੰਆਂ ਦੁਆਲੇ ਦੇ ਖੇਤਰ ਸਮੇਤ, ਜਿਹੜਾ ਦੁਖਦਾਈ, ਲਾਲ, ਜਾਂ ਸੁੱਜਿਆ ਹੋਇਆ ਹੈ।
  Severe **skin reaction,** including the area around the nails**,** that is painful, red, or swollen.

- ਅਸਧਾਰਣ **ਥਕਾਵਟ** ਜਾਂ ਕਮਜ਼ੋਰੀ।
  Unusual **tiredness** or weakness.

- **ਜਿਗਰ ਸਮੱਸਿਆਵਾਂ** ਦੀਆਂ ਨਿਸ਼ਾਨੀਆਂ ਜਿਵੇਂ ਕਿ ਪੀਲੀਆਂ ਅੱਖਾਂ ਜਾਂ ਚਮੜੀ, ਸਫੈਦ ਜਾਂ ਮਿੱਟੀ-ਰੰਗੇ ਪਖ਼ਾਨੇ।
  Signs of **liver problems** such as yellow eyes or skin, white or clay-coloured stools.

- **ਗੁਰਦਾ ਸਮੱਸਿਆਵਾਂ** ਦੀਆਂ ਨਿਸ਼ਾਨੀਆਂ ਜਿਵੇਂ ਕਿ ਪਿੱਠ ਦੇ ਹੇਠਲੇ ਹਿੱਸੇ ਵਿੱਚ ਜਾਂ ਪਾਸੇ ਵੱਲ ਦਰਦ, ਪੈਰਾਂ ਜਾਂ ਲੱਤਾਂ ਦੇ ਹੇਠਲੇ ਹਿੱਸੇ `ਤੇ ਸੋਜ।

  Signs of **kidney problems** such as lower back or side pain, swelling of feet or lower legs.

- ਪੈਰਾਂ ਜਾਂ ਹੱਥਾਂ ਵਿੱਚ **ਸੁੰਨਤਾ ਜਾਂ ਝੁਣ-ਝੁਣੀ ਹੋਣੀ**
  **Numbness or tingling** in feet or hands.

- **ਨਜ਼ਰ ਵਿੱਚ ਤਬਦੀਲੀਆਂ**, ਅੱਖ ਵਿੱਚ ਦਰਦ, ਰੋਸ਼ਨੀ ਪ੍ਰਤੀ ਸੰਵੇਦਨਸ਼ੀਲਤਾ, ਜਾਂ ਤੀਬਰ ਅੱਖਾਂ ਦੀ ਲਾਲੀ।
  **Changes in eyesight,** eye pain, sensitivity to light, or severe eye redness.

## ਆਪਣੇ ਡਾਕਟਰ ਨਾਲ ਗੱਲ ਕਰੋ ਜੇ ਹੇਠ ਦਰਜ `ਚੋਂ ਕੋਈ ਵੀ ਜਾਰੀ ਰਹਿੰਦਾ ਹੈ ਜਾਂ ਤੁਹਾਨੂੰ ਪਰੇਸ਼ਾਨ ਕਰਦਾ ਹੈ:
**CHECK WITH YOUR DOCTOR IF ANY OF THE FOLLOWING CONTINUE OR BOTHER YOU:**

- ਬੇਕਾਬੂ ਢੰਗ ਨਾਲ਼ ਜੀ ਕੱਚਾ ਹੋਣਾ, ਉਲਟੀ ਆਉਣੀ, ਦਸਤ, ਕਬਜ਼, ਭੁੱਖ ਨਾ ਲੱਗਣੀ ਜਾਂ ਭਾਰ ਦਾ ਘਟਣਾ।
  Uncontrolled nausea, vomiting, diarrhea, constipation, loss of appetite or weight loss.

- ਖੁਸ਼ਕ ਮੂੰਹ ਜਾਂ ਪਿਆਸ ਦਾ ਵਧਣਾ।
  Dry mouth or increased thirst.

- ਅਸੀਟਾਮਿਨੋਫੇਨ (ਮਿਸਾਲ ਲਈ, ਟਾਇਲੇਨੋਲ੍®) ਨਾਲ ਕਾਬੂ ਵਿੱਚ ਨਾ ਆਈ ਸਿਰਦਰਦ ਜਾਂ ਦੂਸਰੀ ਦਰਦ।
  Headache or other pain not controlled with acetaminophen (e.g., TYLENOL®).

- ਲਾਲੀ, ਸੋਜ, ਦਰਦ, ਜਾਂ ਤੁਹਾਡੇ ਬੁੱਲ੍ਹਾਂ, ਜੀਭ, ਮੂੰਹ, ਜਾਂ ਗਲ਼ੇ `ਚ ਜ਼ਖ਼ਮ।
  Redness, swelling, pain, or sores on your lips, tongue, mouth, or throat.

- ਚਮੜੀ `ਤੇ ਧੱਫੜ ਜਾਂ ਖੁਸ਼ਕੀ, ਖਾਰਸ਼ ਵਾਲੀ ਚਮੜੀ।
  Skin rash or dry, itchy skin.

- ਸਹਿਜੇ ਹੀ ਝਰੀਟ ਲੱਗ ਜਾਣੀ ਜਾਂ ਮਾਮੂਲੀ ਜਿਹਾ ਲਹੂ ਵਗਣਾ।
  Easy bruising or minor bleeding.

- ਝਿੰਮਣੀਆਂ ਜਾਂ ਭਰਵਟਿਆਂ ਦੇ ਵਾਲਾਂ ਦੀਆਂ ਤਬਦੀਲੀਆਂ।
  Changes to eyelashes or eyebrow hair.

- ਘਬਰਾਹਟ, ਪਰੇਸ਼ਾਨੀ ਜਾਂ ਉਦਾਸੀ, ਜਾਂ ਸੌਣ ਵਿੱਚ ਗੜਬੜੀ।
  Confusion, anxiety or depression, or trouble sleeping.

## ਹੋਰ ਵਧੇਰੇ ਸਮੱਸਿਆਵਾਂ ਦੀ ਹਾਲਤ `ਚ ਆਪਣੇ ਡਾਕਟਰ ਨੂੰ ਰਿਪੋਰਟ ਕਰੋ
**REPORT ADDITIONAL PROBLEMS TO YOUR DOCTOR**